- ☐ ਚਰਿੱਤਰ ਸੁਧਾਰਨ, ਸਿੱਖਿਆ ਪ੍ਰਾਪਤ ਕਰਨ, ਚੰਗਾ ਸੁਭਾਅ ਬਣਾਉਣ ਅਤੇ ਜੀਵਨ ਨੂੰ ਸੁਖੀ ਕਰਨ ਦੇ ਲਈ ਆਪਣੇ ਹੀ ਵਿਚਾਰ ਮੁੱਖ ਕਾਰਨ ਹਨ।

- ☐ ਪਹਿਲੇ ਜਨਮ ਦੇ ਸੰਸਕਾਰ ਅਤੇ ਜੀਵਨ ਦੇ ਚਾਰੋ ਪਾਸਿਆਂ ਦੇ ਸੰਜੋਗ, ਇਨ੍ਹਾਂ ਦੋਨਾਂ ਨਾਲ ਸਮੇਂ ਦੀ ਆਪਣੀ ਹਾਲਤ ਬਣੀ ਹੋਈ ਹੈ।

- ☐ ਸ਼ਰੀਰ ਅਤੇ ਮਨ ਦੋਹਾਂ ਦੀ ਨਿਰੋਗਤਾ ਸੁੱਖ ਦੀ ਉਹ ਅਵਸਥਾ ਮੰਨੀ ਗਈ ਹੈ। ਪਰ ਮਨ ਦੀ ਨਿਰੋਗਤਾ ਸ਼ਰੀਰ ਦੀ ਨਿਰੋਗਤਾ ਤੇ ਨਿਰਭਰ ਕਰਦੀ ਹੈ।

- ☐ ਜਿਸ ਤਰ੍ਹਾਂ ਉਗਦੇ ਹੋਏ ਕੋਮਲ ਰੁੱਖ ਨੂੰ ਜਿਸ ਪਾਸੇ ਨੀਵਾਂ ਕਰ ਦੇਈਏ ਉਧਰ ਨੂੰ ਮੁੜ ਜਾਂਦਾ ਹੈ, ਉਸੇ ਤਰ੍ਹਾਂ ਕੋਮਲ ਬਚਪਨ ਵਿਚ ਜਿਸ ਤਰ੍ਹਾਂ ਦੀ ਆਦਤ ਪਾਓ ਉਸੇ ਤਰਾਂ ਦਾ ਹੋ ਜਾਂਦਾ ਹੈ।

- ☐ ਹਮੇਸ਼ਾ ਕਿਸੇ ਨਾ ਕਿਸੇ ਉਪਯੋਗੀ ਕੰਮ ਧੰਧੇ ਵਿਚ ਲੱਗੇ ਰਹੋ, ਇਹ ਆਦਤ ਇਸਤਰੀ-ਪੁਰਖ ਦੋਹਾਂ ਦੀ ਸੁੱਖ-ਸ਼ਾਂਤੀ ਦੇ ਲਈ ਬਹੁਤ ਜਰੂਰੀ ਹੈ।

- ☐ ਮਨ ਦੇ ਵਿਚਾਰਾਂ ਦੇ ਅਨੁਸਾਰ ਹੀ ਸਾਡੇ ਵਿਚਾਰ ਹੁੰਦੇ ਹਨ। ਜਿਸਦਾ ਮਨ ਦੂਸ਼ਿਤ ਨਹੀਂ, ਵਾਸਤਵ ਵਿਚ ਉਹ ਭਾਗ-ਸ਼ਾਲੀ ਸਮਝਣਾ ਚਾਹੀਦਾ ਹੈ।

☐ ਦੁਸ਼ਟ ਸੁਭਾਅ, ਸਵਾਰਥ ਅਤੇ ਈਰਖਾ, ਇਹ ਤਿੰਨੇ ਦੋਸਤੀ ਦਾ ਨਾਸ਼ ਕਰਦੇ ਅਤੇ ਵਿਰੋਧ ਪੈਦਾ ਕਰਦੇ ਹਨ ।

☐ ਦੂਜਿਆਂ ਤੇ ਰੋਕ ਲਾਉਣ ਦੀ ਇੱਛਾ ਕਰਨ ਦੀ ਬਜਾਏ ਆਪਣੇ ਉੱਤੇ ਰੋਕ ਲਾਉਣੀ ਜਿਆਦਾ ਲਾਭਦਾਇਕ ਹੈ ।

☐ ਸਾਡੇ ਵਾਸਤੇ ਦੂਜਿਆਂ ਦੇ ਬੁਰੇ ਵਰਤਾਉ ਨਾਲ ਸਾਡੀ ਉੱਨੀ ਹਾਨੀ ਨਹੀਂ ਹੁੰਦੀ ਜਿੰਨੀ ਸਾਡੇ ਹੀ ਬੁਰੇ ਵਰਤਾਉ ਨਾਲ ਹੁੰਦੀ ਹੈ ।

☐ ਜੋ ਆਪਣੇ ਮਨ ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ, ਉਹ ਸਾਰੇ ਸੰਸਾਰ ਤੇ ਜਿੱਤ ਪਾ ਸਕਦਾ ਹੈ । ਜੋ ਆਪਣੇ ਆਪ ਨੂੰ ਵੱਸ ਵਿਚ ਨਹੀਂ ਕਰ ਸਕਦਾ, ਉਹ ਦੂਜੇ ਨੂੰ ਵੀ ਵੱਸ ਵਿਚ ਨਹੀਂ ਕਰ ਸਕਦਾ ।

☐ ਗਿਆਨੀ ਮਨੁੱਖ ਸਦਾ ਸ਼ਾਂਤੀ ਦਾ ਪ੍ਰਯੋਗ ਕਰਦੇ ਹਨ । ਆਪਣੀ ਬੁਰਾਈ ਪ੍ਰਤਿ ਬਹੁਤ ਸਾਵਧਾਨ ਰਹਿੰਦੇ ਹਨ ।

☐ ਅਗਿਆਨੀ ਅਤੇ ਪਾਪੀ ਹੀ ਮੌਤ ਤੋਂ ਡਰਦੇ ਹਨ । ਗਿਆਨੀ ਅਤੇ ਪੁੰਨ ਆਤਮਾ ਦੇ ਲਈ ਮੌਤ ਸਤਿਕਾਰ ਯੋਗ ਹੈ । ਇਸੇ ਕਰਕੇ ਹੀ ਇਸਨੂੰ ਮੌਤ-ਮਹੋਤਸਵ ਕਹਿੰਦੇ ਹਨ ।

☐ ਅੰਦਰ ਦੀ ਸ਼ੁੱਧੀ, ਬੁੱਧੀ-ਬਲ, ਹੌਂਸਲਾ ਤੇ ਧੀਰਜ ਨਾਲ ਹਰ ਕੰਮ ਦੀ ਸਿੱਧੀ ਹੁੰਦੀ ਹੈ ।

- ਮੂਰਖ ਮਨੁੱਖ ਨੂੰ ਸਿੱਖਿਆ ਦੇਣ ਅਤੇ ਦੁਸ਼ਟ ਦਾ ਸਾਥ ਕਰਨ ਨਾਲ ਪੰਡਿਤ ਪੁਰਖ ਵੀ ਦੁੱਖ ਪਾਉਂਦੇ ਹਨ ।

- ਦੁਸ਼ਟ ਇਸਤਰੀ, ਦੁਸ਼ਟ ਮਿੱਤਰ, ਸਾਹਮਣੇ ਬੋਲਣ ਵਾਲਾ ਨੌਕਰ ਅਤੇ ਸੱਪ ਵਾਲੇ ਘਰ ਵਿਚ ਨਿਵਾਸ ਕਰਨਾ ਇਹ ਸਾਰੇ ਮੌਤ ਸਮਾਨ ਹਨ ।

- ਜਿੱਥੇ ਆਦਰ ਨਾ ਹੋਵੇ, ਕਮਾਈ ਨਾ ਹੋਵੇ, ਦੋਸਤ ਨਾ ਹੋਵੇ ਅਤੇ ਨਾ ਹੀ ਵਿਦਿਆ ਦੀ ਪ੍ਰਾਪਤੀ ਹੋਵੇ ਉਥੇ ਨਿਵਾਸ ਨਹੀਂ ਕਰਨਾ ਚਾਹੀਦਾ ।

- ਧਨਵਾਨ, ਧਰਮ ਦੇ ਉਪਦੇਸ਼ਕ, ਰਾਜਾ, ਵੈਦ ਅਤੇ ਪਾਣੀ ਜਿੱਥੇ ਇਹ ਪੰਜੇ ਨਾ ਹੋਣ, ਉਥੇ ਇਕ ਦਿਨ ਵੀ ਨਹੀਂ ਰਹਿਣਾ ਚਾਹੀਦਾ ।

- ਜਿਸਨੂੰ ਅਨੀਤਿ ਨਾਲ ਡਰ ਨਾ ਹੋਵੇ, ਜਿਸ ਵਿਚ ਸ਼ਰਮ, ਕੁਸ਼ਲਤਾ, ਦਾਨਸ਼ੀਲਤਾ ਨਾ ਹੋਵੇ, ਜੋ ਨਿਕੰਮਾ ਬੈਠਾ ਹੋਵੇ ਉਸਦੀ ਸੰਗਤ ਨਹੀਂ ਕਰਨੀ ਚਾਹੀਦੀ ।

- ਕੰਮ ਪੈਣ ਤੇ ਨੌਕਰ ਦੀ, ਦੁੱਖ ਆਉਣ ਤੇ ਸਾਥੀ ਦੀ, ਵਿਪੱਤੀ ਵੇਲੇ ਮਿੱਤਰ ਦੀ ਅਤੇ ਧਨ ਨਸ਼ਟ ਹੋਣ ਤੇ ਇਸਤਰੀ ਦੀ ਪ੍ਰੀਖਿਆ ਹੁੰਦੀ ਹੈ ।

- ਰੋਗ ਆਉਣ ਤੇ, ਦੁੱਖ ਪ੍ਰਾਪਤ ਹੋਣ ਤੇ, ਅਕਾਲ ਪੈਣ ਤੇ,

ਸੰਕਟ ਆਉਣ ਤੇ, ਕਚਹਿਰੀ ਅਤੇ ਸ਼ਮਸ਼ਾਨ ਵਿਚ ਜੋ ਸਾਥ ਦੇਵੇ ਉਸਨੂੰ ਹੀ ਸੱਚਾ ਸਾਥੀ ਸਮਝਣਾ ਚਾਹੀਦਾ ਹੈ।

□ ਜੋ ਨਿਸ਼ਚਿਤ ਵਸਤੂ ਨੂੰ ਛੱਡ ਕੇ ਅਨਿਸ਼ਚਿਤ ਵਸਤੂ ਵੱਲ ਦੌੜਦਾ ਹੈ, ਉਸ ਦੀ ਨਿਸ਼ਚਿਤ ਵਸਤੂ ਦਾ ਨਾਸ਼ ਹੁੰਦਾ ਹੈ ਅਤੇ ਅਨਿਸ਼ਚਿਤ ਵਸਤੂ ਤਾਂ ਨਸ਼ਟ ਵਰਗੀ ਪਹਿਲਾਂ ਹੀ ਹੁੰਦੀ ਹੈ।

□ ਨਦੀ ਦਾ, ਸ਼ਸਤਰਧਾਰੀ ਮਨੁੱਖ ਦਾ, ਨੱਥ ਅਤੇ ਸਿੰਗ ਵਾਲੇ ਪਸ਼ੂ ਦਾ ਅਤੇ ਦੁਸ਼ਟ ਇਸਤਰੀਆਂ ਦਾ ਕਦੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ।

□ ਜ਼ਹਿਰ ਵਿਚੋਂ ਅੰਮ੍ਰਿਤ ਨੂੰ, ਅਸ਼ੁੱਧ ਪਦਾਰਥਾਂ ਵਿਚੋਂ ਸੋਨੇ ਨੂੰ, ਨੀਚ ਪੁਰਖ ਤੋਂ ਵੀ ਉੱਤਮ ਵਿਦਿਆ ਨੂੰ ਅਤੇ ਗਰੀਬ ਕੁਲ 'ਚੋਂ ਵੀ ਇਸਤਰੀ ਰਤਨ ਨੂੰ ਗ੍ਰਹਿਣ ਕਰ ਲੈਣਾ ਚਾਹੀਦਾ ਹੈ।

□ ਜਿਸਦਾ ਪੁੱਤਰ ਆਗਿਆਕਾਰੀ ਹੈ, ਇਸਤਰੀ ਇੱਛਾ ਅਨੁਸਾਰ ਚੱਲਣ ਵਾਲੀ ਹੈ, ਜੋ ਪ੍ਰਾਪਤ ਧਨ ਵਿਚ ਸੰਤੋਖ ਰੱਖਦਾ ਹੈ ਉਸ ਦੇ ਲਈ ਇੱਥੇ ਹੀ ਸਵਰਗ ਹੈ।

□ ਮੂਰਖਤਾ ਦੁੱਖ ਦਿੰਦੀ ਹੈ, ਜਵਾਨੀ ਵੀ ਅਨਰਥ ਪੈਦਾ ਕਰਦੀ ਹੈ, ਪਰ ਪਰਾਏ ਘਰ ਦਾ ਨਿਵਾਸ ਸਭ ਤੋਂ ਵੱਧ ਦੁੱਖ ਦੇਣ ਵਾਲਾ ਹੈ।

☐ ਨਦੀ ਦੇ ਕਿਨਾਰੇ ਦਾ ਰੁੱਖ, ਬਿਨਾਂ ਕੰਮ ਦੂਜੇ ਦੇ ਘਰ ਜਾਣ ਵਾਲੀ ਇਸਤਰੀ, ਬਿਨਾਂ ਰਾਜੇ ਦਾ ਮੰਤਰੀ, ਇਹ ਜਲਦੀ ਹੀ ਨਸ਼ਟ ਹੋ ਜਾਂਦੇ ਹਨ।

☐ ਵੇਸ਼ਵਾ ਧਨ-ਹੀਨ ਪੁਰਖ ਨੂੰ, ਪਰਜਾ ਸ਼ਕਤੀ-ਹੀਨ ਰਾਜੇ ਨੂੰ, ਪੰਛੀ ਫਲ-ਰਹਿਤ ਰੁੱਖ ਨੂੰ ਅਤੇ ਮੇਹਮਾਨ ਕੁਝ ਸਮੇਂ ਵਿਚ ਘਰ ਨੂੰ ਛੱਡ ਦਿੰਦੇ ਹਨ।

☐ ਸਮਾਨ ਸ਼ਕਤੀ ਵਾਲਿਆਂ ਨਾਲ ਪਿਆਰ, ਰਾਜੇ ਦੀ ਸੇਵਾ, ਵਿਉਪਾਰ ਵਿਚ ਨਿਆਂ ਅਤੇ ਘਰ ਵਿਚ ਸੁਸ਼ੀਲਾ ਇਸਤਰੀ ਸ਼ੋਭਾ ਪਾਉਂਦੀ ਹੈ।

☐ ਕਿਸ ਨੂੰ ਦੁੱਖ ਨਹੀਂ ਮਿਲਿਆ ? ਕਿਸ ਨੂੰ ਸਦਾ ਸੁੱਖ ਮਿਲਿਆ ਹੈ ? ਵੀਤਰਾਗ ਅਰਿਹੰਤ ਭਗਵਾਨ ਦੇ ਸਿਵਾਏ ਕਿਸ ਵਿਚ ਅਵਗੁਣ ਨਹੀਂ ? ਰੋਗ ਕਿਸ ਨੂੰ ਦੁੱਖ ਨਹੀਂ ਦਿੰਦਾ, ਅਜਿਹਾ ਵਿਚਾਰ ਕਰ ਮਨ ਵਿਚ ਧੀਰਜ ਰੱਖੋ।

☐ ਮਨੁੱਖ ਦਾ ਆਚਰਣ ਕੁਲ ਨੂੰ, ਬੋਲੀ ਦੇਸ਼ ਨੂੰ, ਆਦਰ ਪ੍ਰੇਮ ਨੂੰ ਅਤੇ ਸ਼ਰੀਰ ਭੋਜਨ ਨੂੰ ਪ੍ਰਗਟ ਕਰਦਾ ਹੈ।

☐ ਦੁਰਜਨ ਅਤੇ ਸੱਪ ਵਿਚੋਂ ਸੱਪ ਚੰਗਾ ਹੈ। ਸੱਪ ਸਦਾ ਨਹੀਂ ਸਤਾਉਂਦਾ ਪਰ ਦੁਰਜਨ ਕਦਮ-ਕਦਮ ਤੇ ਸਤਾਉਂਦਾ ਹੈ।

☐ ਕੋਇਲ ਦੀ ਸ਼ੋਭਾ ਆਵਾਜ਼, ਇਸਤਰੀਆਂ ਦੀ ਸ਼ੋਭਾ ਪਤੀ-

ਧਰਮ, ਅਸੁੰਦਰ ਮਨੁੱਖ ਦੀ ਸ਼ੋਭਾ ਵਿਦਿਆ ਅਤੇ ਤਪਸਵੀਆਂ ਦੀ ਸ਼ੋਭਾ ਖਿਮਾ ਹੈ ।

☐ ਜਿਸ ਤਰ੍ਹਾਂ ਸੁਗੰਧਿਤ ਫੁੱਲਾਂ ਵਾਲੇ ਇਕ ਹੀ ਉੱਤਮ ਰੁੱਖ ਨਾਲ ਸਾਰਾ ਜੰਗਲ ਸੁਗੰਧ ਯੁਕਤ ਹੋ ਜਾਂਦਾ ਹੈ, ਉਸੇ ਤਰ੍ਹਾਂ ਇਕ ਹੀ ਸਪੁੱਤਰ ਪੈਦਾ ਹੋ ਜਾਣ ਨਾਲ ਸਾਰਾ ਕੁਲ ਸ਼ੋਭਿਤ ਹੁੰਦਾ ਹੈ ।

☐ ਕੀ ਕਦੇ ਕਿਸੇ ਨੇ ਗੁੱਸੇ ਨੂੰ ਗੁੱਸੇ ਨਾਲ ਹੀ ਸ਼ਾਂਤ ਕੀਤਾ ਹੈ ? ਹਾਂ, ਕੀਤਾ ਸੀ, ਉਸ ਦਿਨ ਜਦੋਂ ਅੱਗ ਨੇ ਅੱਗ ਨੂੰ ਠੰਡਾ ਕੀਤਾ ਸੀ ।

☐ ਸੈਂਕੜੇ ਗੁਣਹੀਨ ਪੁੱਤਰਾਂ ਦੀ ਬਜਾਏ, ਗੁਣਵਾਨ ਇਕ ਪੁੱਤਰ ਹੀ ਵਧੀਆ ਹੈ । ਇਕ ਹੀ ਚੰਦਰਮਾ ਰਾਤ ਦੇ ਘੋਰ ਅੰਧਕਾਰ ਨੂੰ ਦੂਰ ਕਰਦਾ ਹੈ, ਹਜ਼ਾਰਾਂ ਤਾਰੇ ਨਹੀਂ ।

☐ ਬੁਰੇ ਪਿੰਡ ਵਿਚ ਨਿਵਾਸ ਕਰਨਾ, ਨੀਵੇਂ ਕੁਲ ਦੀ ਸੇਵਾ ਕਰਨੀ, ਬੁਰਾ ਭੋਜਨ, ਲੜਾਈ ਕਰਨ ਵਾਲੀ ਇਸਤਰੀ, ਮੂਰਖ ਪੁੱਤਰ ਅਤੇ ਵਿਧਵਾ ਇਸਤਰੀ, ਇਹ ਛੇ ਅੱਗ ਤੋਂ ਬਿਨਾ ਹੀ ਸ਼ਰੀਰ ਨੂੰ ਜਲਾਉਂਦੇ ਹਨ ।

☐ ਸੰਸਾਰ ਵਿਚ ਜੋ ਕੁਝ ਕਰਨਾ ਹੈ, ਕਰ ਲਵੋ । ਤੁਹਾਡਾ ਜਿਨ੍ਹਾਂ ਨਾਲ ਸੰਬੰਧ ਹੈ, ਉਹ ਸਭ ਤੁਹਾਡੇ ਸੁਧਾਰ ਦੇ ਲਈ

ਹਨ, ਅਜਿਹਾ ਨਿਸ਼ਚਾ ਰੱਖ ਕੇ ਆਪਣਾ ਸੁਧਾਰ ਕਰਨ ਦੇ ਲਈ ਉਹਨਾਂ ਤੋਂ ਕੁਝ ਗੁਣ ਗ੍ਰਹਿਣ ਕਰ ਲਵੋ ।

- ☐ ਜੋ ਮੰਜ਼ੂਰ ਕਰਨ ਯੋਗ ਗੱਲ ਹੈ ਅਤੇ ਉਸਨੂੰ ਤੁਹਾਡਾ ਮਨ ਮੰਨ ਰਿਹਾ ਹੈ ਤਾਂ ਉਸਨੂੰ ਬਿਨਾਂ ਕਿਸੇ ਡਰ ਦੇ ਮੰਨ ਲਵੋ, ਐਵੇਂ ਜ਼ਿੱਦ ਨਾ ਕਰੋ । ਹਾਂ ਉਸਦੇ ਬਾਰੇ ਉਚਿਤ ਬਹਿਸ ਕਰਨ ਵਿਚ ਕੋਈ ਨੁਕਸਾਨ ਨਹੀਂ ।

- ☐ ਅਸੱਭਯ ਮਨੁੱਖਾਂ ਦੀ ਸੰਗਤੀ ਵਿਚ ਨਹੀਂ ਰਹਿਣਾ ਚਾਹੀਦਾ, ਕਿਉਂਕਿ ਸੰਸਾਰ ਪ੍ਰੀਖਿਆ ਦੀ ਕਸੌਟੀ ਹੈ, ਸੰਗਤੀ ਦੇ ਕਾਰਣ ਉਹ ਤੁਹਾਨੂੰ ਵੀ ਬੁਰਾ ਕਹੇਗਾ ।

- ☐ ਮੂਰਖ ਤੋਂ ਦੂਰ ਰਹਿਣਾ ਚਾਹੀਦਾ ਹੈ, ਕਿਉਂਕਿ ਉਹ ਦੇਖਣ ਵਿਚ ਤਾਂ ਮਨੁੱਖ ਹੈ ਪਰ ਅਸਲ ਵਿਚ ਦੋ ਪੈਰ ਵਾਲਾ ਪਸ਼ੂ ਹੈ । ਉਹ ਠੀਕ ਗ਼ਲਤ ਦਾ ਵਿਚਾਰ ਨਾ ਕਰਕੇ ਆਪਣੇ ਬਚਨਾਂ ਰੂਪੀ ਤਿੱਖੇ ਨਹੁੰਆਂ ਨਾਲ ਸਦਾ ਛਿੱਦਦਾ ਰਹਿੰਦਾ ਹੈ ।

- ☐ ਮਛਲੀ ਦੇਖ ਕੇ, ਕੱਛੂਈ ਧਿਆਨ ਕਰਕੇ, ਪੰਛੀ ਛੂਹ ਕੇ ਆਪਣੀ ਸੰਤਾਨ ਦੀ ਰੱਖਿਆ ਕਰਦੇ ਹਨ, ਉਸੇ ਤਰ੍ਹਾਂ ਸੱਜਨ ਪੁਰਖਾਂ ਦੀ ਸੰਗਤ, ਦਰਸ਼ਨ, ਧਿਆਨ ਅਤੇ ਛੋਹ (ਆਸ਼ੀਰ-ਵਾਦ) ਰੱਖਿਆ ਕਰਦੀ ਹੈ ।

- ☐ ਨੀਚਾਂ ਦੀ ਸੰਗਤੀ ਤੋਂ ਬਿਲਕੁਲ ਦੂਰ ਰਹਿਣਾ ਚਾਹੀਦਾ ਹੈ, ਕਿਉਂਕਿ ਲੋਕ ਉਹਨਾਂ ਦੀ ਸੰਗਤੀ ਤੋਂ ਤੁਹਾਨੂੰ

ਵੀ ਉਸੇ ਤਰ੍ਹਾਂ ਦਾ ਹੀ ਸਮਝਣ ਲੱਗ ਜਾਣਗੇ । ਚਾਹੇ ਤੁਸੀਂ ਸ਼ਰਾਬ ਨੂੰ ਛੂਹੋ ਵੀ ਨਾ, ਪਰ ਕਲਾਲ ਦੀ ਦੁਕਾਨ ਤੇ ਬੈਠਣ ਨਾਲ ਜਾਂ ਕਲਾਲ ਜਾਂ ਸ਼ਰਾਬੀ ਦੀ ਸੰਗਤੀ ਕਰਨ ਨਾਲ ਲੋਕਾਂ ਦਾ ਤੁਹਾਡੇ ਤੇ ਸ਼ੱਕ ਹੋ ਜਾਵੇਗਾ, ਇਸ ਲਈ ਜਿਨ੍ਹਾਂ ਦੀ ਸੰਗਤ ਵਿਚ ਬੈਠਣ ਨਾਲ ਕੋਈ ਇਲਜ਼ਾਮ ਲਗਦਾ ਹੋਵੇ ਉੱਥੇ ਭੁੱਲ ਕੇ ਵੀ ਨਾ ਜਾਵੋ ।

□ ਮਿਹਨਤ ਸਭ ਕਠਿਨਾਈਆਂ ਨੂੰ ਦੂਰ ਕਰਦੀ ਹੈ । ਯੋਗ ਮਿਹਨਤ ਆਪ ਹੀ ਆਨੰਦਮਈ ਹੁੰਦੀ ਹੈ । ਜਿਸ ਤਰ੍ਹਾਂ ਲੋਹਾ ਜ਼ੰਗ ਨਾਲ ਖ਼ਰਾਬ ਹੋ ਜਾਂਦਾ ਹੈ, ਉਸੇ ਤਰ੍ਹਾਂ ਸ਼ਰੀਰ ਆਲਸ ਨਾਲ ਨਿਕੰਮਾ ਹੋ ਜਾਂਦਾ ਹੈ ।

□ ਜਲ ਪਿਆਸ ਦੇ ਸਮੇਂ ਦਵਾਈ ਹੈ, ਪਚ ਜਾਣ ਤੇ ਸ਼ਕਤੀ-ਦਾਇਕ ਹੈ, ਭੋਜਨ ਕਰਦੇ ਹੋਇ ਅੰਮ੍ਰਿਤ ਦੇ ਸਮਾਨ ਹੈ ਅਤੇ ਭੋਜਨ ਤੋਂ ਮਗਰੋਂ ਜ਼ਹਿਰ ਦੇ ਸਮਾਨ ਹੈ ।

□ ਜੋ ਇਸ ਸੰਸਾਰ ਵਿਚ ਤੁਸੀਂ ਸਭ ਤੋਂ ਉੱਤਮ ਚੀਜ਼ਾਂ ਲੱਭ-ਣੀਆਂ ਹਨ ਤਾਂ ਉਹ ਹਨ—ਸਾਫ਼ ਹਵਾ, ਸਾਫ਼ ਜਲ, ਗੁਣ-ਕਾਰੀ ਭੋਜਨ, ਨਿਰੋਗ ਸ਼ਰੀਰ ਅਤੇ ਸ਼ੁੱਧ ਆਤਮਾ ।

□ ਵਿਸ਼ੇ ਭੋਗੀ ਤੇ ਨਸ਼ੇ ਕਰਨ ਵਾਲਾ ਮਨੁੱਖ ਪਸ਼ੂ ਤੋਂ ਵੀ ਨੀਚ ਹੈ । ਸ਼ਰੀਰ ਦਾ ਦੁਰਉਪਯੋਗ ਜਾਂ ਅਤਿ ਉਪਯੋਗ ਕਰਨ ਨਾਲ ਬੀਮਾਰੀ ਆ ਘੇਰਦੀ ਹੈ ਅਤੇ ਬਹੁਤ ਪੀੜ ਸਹਿਣੀ ਪੈਂਦੀ ਹੈ । ਇਸ ਵਿਚ ਦੋਸ਼ ਕਿਸਦਾ ਹੈ ? ਸਾਰਾ ਦੋਸ਼ ਉਸੇ

ਭੋਗੀ ਮਨੁੱਖ ਦਾ ਹੈ।

☐ ਸੰਤੋਸ਼ੀ ਤੇ ਸ਼ਾਂਤ ਮਨੁੱਖ ਦਾ ਸ਼ਰੀਰ ਨਿਰੋਗ ਤੇ ਤਕੜਾ ਹੁੰਦਾ ਹੈ। ਪਰ ਅਸੰਤੋਸ਼ੀ ਤੇ ਕਰੋਧੀ ਮਨੁੱਖ ਦਾ ਸ਼ਰੀਰ ਸੁੱਕੀ ਲੱਕੜ ਦੇ ਸਮਾਨ ਹੁੰਦਾ ਹੈ। ਕਿਉਂਕਿ ਚਿੰਤਾ, ਈਰਖਾ ਅਤੇਅਸੰਤੋਸ਼ ਨਾਲ ਮਨ ਜਲਦਾ ਰਹਿੰਦਾ ਹੈ, ਇਸ ਲਈ ਉਸਦੇ ਸ਼ਰੀਰ ਵਿਚ ਖ਼ੂਨ ਨਹੀਂ ਵਧਦਾ।

☐ ਇੰਦਰੀਆਂ ਤੋਂ ਮਿਲਣ ਵਾਲਾ ਆਨੰਦ ਥੋੜੀ ਦੇਰ ਦਾ ਹੈ ਅਤੇ ਇਸਦਾ ਨਤੀਜਾ ਹਾਨੀਕਾਰਕ ਹੈ। ਤਲਵਾਰ ਦੀ ਬਜਾਏ ਰਸਨਾ ਇੰਦਰੀਆਂ ਨੇ ਬਹੁਤ ਜੀਵਾਂ ਦਾ ਭੋਗ ਲਿਆ ਹੈ। ਸਵਾਦ ਦੀ ਇੱਛਾ ਘਟਾ ਕੇ ਜੀਵਨ ਨੂੰ ਬਚਾਓ। ਸ਼ਰੀਰ ਦੀ ਰੱਖਿਆ ਕਰਨ ਦੇ ਲਈ ਭੋਜਨ ਕੀਤਾ ਜਾਂਦਾ ਹੈ ਨਾ ਕਿ ਭੋਜਨ ਦੇ ਲਈ ਸ਼ਰੀਰ ਹੈ। ਸ਼ਰੀਰ ਦੀ ਨਿਰੋਗਤਾ ਦੀ ਰੱਖਿਆ ਦੇ ਲਈ ਅਤੇ ਅਨਰਥ ਤੋਂ ਬਚਣ ਲਈ ਸਾਦਾ ਤੇ ਹਲਕਾ ਭੋਜਨ ਕਰਨਾ ਚਾਹੀਦਾ ਹੈ।

☐ ਵਿਦਿਆ ਤੋਂ ਬਾਂਝੇ ਮਨੁੱਖ ਦਾ ਕੁਲ ਜੇ ਉੱਚਾ ਹੋਇਆ ਤਾਂ ਕੀ ਹੋਇਆ। ਨੀਚ ਕੁਲ ਵਿਚ ਪੈਦਾ ਹੋਇਆ ਵਿਦਵਾਨ ਸਦਾਚਾਰੀ ਮਨੁੱਖ ਵੀ ਦੇਵਤਿਆਂ ਵਿਚ ਪੂਜਿਆ ਜਾਂਦਾ ਹੈ।

☐ ਸੰਸਾਰ ਵਿਚ ਵਿਦਵਾਨ ਨੂੰ ਪ੍ਰਸ਼ੰਸਾ ਤੇ ਸਤਿਕਾਰ ਮਿਲਦਾ ਹੈ, ਵਿਦਿਆ ਤੋਂ ਹੀ ਸਾਰਾ ਕੁਝ ਪ੍ਰਾਪਤ ਹੁੰਦਾ ਹੈ, ਵਿਦਿਆ ਸਦਾ ਪੂਜੀ ਜਾਂਦੀ ਹੈ, ਵਿਦਿਆ ਦੇ ਨਾਲ, ਜੇ ਚਰਿੱਤਰ ਵੀ

ਠੀਕ ਹੋਵੇ ਤਾਂ ਕਹਿਣਾ ਹੀ ਕੀ ਹੈ ? ਜਿਵੇਂ ਸੋਨਾ ਅਤੇ ਸੁਗੰਧੀ ।

☐ ਧਨ-ਹੀਨ, ਹੀਨ ਨਹੀਂ ਹੈ, ਪਰ ਜੋ ਵਿਦਿਆ ਰੂਪੀ ਰਤਨ ਤੋਂ ਹੀਨ ਹੈ ਉਹ ਸਾਰੀਆਂ ਚੀਜ਼ਾਂ ਤੋਂ ਹੀਨ ਹੈ ।

☐ ਵਿਦਿਆਰਥੀਆਂ ਨੂੰ ਕਾਮ, ਕ੍ਰੋਧ, ਲੋਭ, ਚਟੋਰਪਨ, ਸ਼ਿੰਗਾਰ, ਜ਼ਿਆਦਾ ਖੇਲ, ਜ਼ਿਆਦਾ ਨੀਂਦ, ਤੜਕ-ਭੜਕ, ਇਹਨਾਂ ਅੱਠਾਂ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ ।

☐ ਜਿਵੇਂ ਇਕ-ਇਕ ਬੂੰਦ ਨਾਲ ਘੜਾ ਪੂਰਾ ਭਰ ਜਾਂਦਾ ਹੈ, ਇਸੇ ਤਰ੍ਹਾਂ ਵਿਦਿਆ, ਧਨ ਅਤੇ ਧਰਮ ਥੋੜੇ-ਥੋੜੇ ਪ੍ਰਾਪਤ ਕਰਦੇ ਰਹਿਣ ਨਾਲ ਪੂਰੇ ਹੋ ਜਾਂਦੇ ਹਨ ।

☐ ਜਿਸ ਤਰ੍ਹਾਂ ਖੂਹ ਪੁਟਣ ਵਾਲੇ ਨੂੰ ਪਾਤਾਲ ਦਾ ਪਾਣੀ ਮਿਲਦਾ ਹੈ, ਉਸੇ ਹੀ ਤਰ੍ਹਾਂ ਗੁਰੂ ਦੀ ਸੇਵਾ ਕਰਨ ਵਾਲੇ ਨੂੰ ਗੁਰੂ ਦਾ ਡੂੰਘਾ ਗਿਆਨ ਮਿਲਦਾ ਹੈ ।

☐ ਅਨੁਚਿਤ ਪਿਆਰ ਕਰਨ ਵਿਚ ਅਨੇਕ ਦੋਸ਼ ਹਨ ਅਤੇ ਉਚਿਤ ਦੰਡ ਦੇਣ ਵਿਚ ਅਨੇਕਾਂ ਗੁਣ । ਇਸ ਲਈ ਪੁੱਤਰ ਤੇ ਚੇਲੇ ਨੂੰ ਦੰਡ ਵੀ ਜ਼ਰੂਰ ਦੇਣਾ ਚਾਹੀਦਾ ਹੈ । ਉਹਨਾਂ ਨੂੰ ਸਦਾਚਾਰੀ ਬਨਾਉਣ ਲਈ ਉਚਿਤ ਦੰਡ ਦੀ ਜ਼ਰੂਰਤ ਹੈ ।

☐ ਵਿਦਿਆ ਕਾਮਧੇਨੂ ਦੇ ਸਮਾਨ ਗੁਣਾਂ ਵਾਲੀ, ਅਕਾਲ ਵਿਚ

ਵੀ ਫਲ ਦੇਣ ਵਾਲੀ ਅਤੇ ਮਾਤਾ ਸਮਾਨ ਲਾਭ ਦੇਣ ਵਾਲੀ ਹੈ। ਵਿਦਵਾਨ ਇਸਨੂੰ ਗੁਪਤ ਧਨ ਸਮਝਦੇ ਹਨ।

□ ਉਸ ਗਾਂ ਤੋਂ ਕੀ ਫ਼ਾਇਦਾ ਜਿਹੜੀ ਦੁੱਧ ਨਾ ਦੇਵੇ ਨਾ ਹੀ ਗਰਭ ਧਾਰਨ ਕਰੇ। ਉਸੇ ਤਰ੍ਹਾਂ ਹੀ ਉਸ ਪੁੱਤਰ ਦਾ ਕੀ ਲਾਭ ਜਿਹੜਾ ਨਾ ਵਿਦਵਾਨ ਹੋਵੇ ਨਾ ਹੀ ਧਰਮਾਤਮਾ ਹੋਵੇ। ਭਾਵ ਉਸਦਾ ਕੋਈ ਲਾਭ ਨਹੀਂ।

□ ਸੁੱਖ ਭੋਗਦੇ ਹੋਏ ਵਿਦਿਆ ਅਭਿਆਸ ਨਹੀਂ ਹੋ ਸਕਦਾ ਇਸ ਲਈ ਵਿਦਿਆ ਅਭਿਆਸ ਕਰਦੇ ਸਮੇਂ ਸੁੱਖ ਦੀ ਪਰਵਾਹ ਨਾ ਕਰੋ। ਸੁੱਖ ਚਾਹੁਣ ਵਾਲੇ ਨੂੰ ਵਿਦਿਆ ਨਹੀਂ ਅਤੇ ਵਿਦਿਆਰਥੀ ਨੂੰ ਸੁੱਖ ਨਹੀਂ ਹੁੰਦਾ।

□ ਜਿਹੜਾ ਚੇਲਾ ਗੁਰੂ ਤੋਂ ਇਕ ਅੱਖਰ ਵੀ ਸਿੱਖਦਾ ਹੈ ਉਸ ਤੋਂ ਕਰਜ਼-ਮੁਕਤ ਹੋਣ ਲਈ ਧਰਤੀ ਤੇ ਅਜਿਹਾ ਕੋਈ ਧਨ ਨਹੀਂ ਹੈ, ਜਿਸਨੂੰ ਦੇ ਕੇ ਕਰਜ਼-ਮੁਕਤ ਹੋਇਆ ਜਾ ਸਕੇ।

□ ਜਿਹੜੀ ਵਿਦਿਆ ਸਿਰਫ਼ ਪੁਸਤਕਾਂ ਵਿਚ ਰਹਿੰਦੀ ਹੈ ਅਰਥਾਤ ਜਿਸਦਾ ਭੇਦ ਦਿਲ ਵਿਚ ਨਹੀਂ ਜੰਮਦਾ ਉਹ ਵਿਦਿਆ ਅਤੇ ਪਰਾਏ ਹੱਥ ਵਿਚ ਗਿਆ ਹੋਇਆ ਧਨ, ਸਮਾਂ ਆਉਣ ਤੇ ਕੰਮ ਨਹੀਂ ਆਉਂਦਾ।

□ ਨਰਮ ਰੁੱਖ ਨੂੰ ਅਸੀਂ ਜਿੰਨਾ ਚਾਹੀਏ ਨੀਵਾਂ ਕਰ ਸਕਦੇ ਹਾਂ ਇਸੇ ਤਰ੍ਹਾਂ ਬਾਲਕਾਂ ਦੇ ਮਨ ਤੇ ਮਾਂ ਬਾਪ ਜਿਸ ਤਰ੍ਹਾਂ ਦੇ

ਚਾਹੁਣ ਸੰਸਕਾਰ ਪਾ ਸਕਦੇ ਹਨ। ਇਸ ਲਈ ਇਸ ਵਿਸ਼ੇ ਵਿਚ ਮਾਂ ਬਾਪ ਤੇ ਸਿੱਖਿਅਕ ਨੂੰ ਪੂਰਾ ਧਿਆਨ ਰੱਖਣਾ ਚਾਹੀਦਾ ਹੈ।

□ ਬੱਚਾ ਜਿਸਦੇ ਨਾਲ ਰਹਿੰਦਾ ਹੈ ਉਸਦਾ ਅਸਰ ਉਸਦੇ ਚਰਿੱਤਰ ਤੇ ਵੀ ਜ਼ਰੂਰ ਪੈਂਦਾ ਹੈ। ਬੱਚਾ ਜਿਸ ਤਰ੍ਹਾਂ ਦੇਖਦਾ ਹੈ ਉਸੇ ਤਰ੍ਹਾਂ ਹੀ ਕਰਦਾ ਹੈ, ਕਿਉਂਕਿ ਉਹ ਤਾਂ ਪਿੱਛੇ ਲੱਗਣ ਵਾਲਾ ਹੁੰਦਾ ਹੈ। ਮਾਤਾ ਪਿਤਾ ਅਤੇ ਸਿੱਖਿਅਕਾਂ ਤੇ ਬੱਚੇ ਦੀ ਸਿੱਖਿਆ ਦੀ ਪੂਰੀ ਜ਼ਿੰਮੇਦਾਰੀ ਹੈ।

□ ਜਿਸ ਵਿਚ ਬੁੱਧੀ ਹੈ ਉਸੇ ਵਿਚ ਬਲ ਹੈ। ਜਿਸ ਵਿਚ ਬੁੱਧੀ ਨਹੀਂ ਬਲ ਨਹੀਂ ਹੋ ਸਕਦਾ। ਬੁੱਧੀ ਦੇ ਬਲ ਨਾਲ ਹੀ ਛੋਟੇ ਜਿਹੇ ਜਾਨਵਰ ਗਿੱਦੜ ਨੇ ਸ਼ੇਰ ਨੂੰ, ਉਸਦੀ ਹੀ ਛਾਂ ਵਿਖਾ ਕੇ ਦੂਜਾ ਸ਼ੇਰ ਦੱਸਿਆ ਤੇ ਉਸਦੀ ਜਾਨ ਲੈ ਲਈ ਸੀ ਤੇ ਆਪਣੀ ਜਾਨ ਬਚਾ ਲਈ ਸੀ।

□ ਜਿਸਨੇ ਸਿਰਫ਼ ਕਿਤਾਬਾਂ ਦੇ ਸਹਾਰੇ ਵਿਦਿਆ ਦਾ ਅਭਿਆਸ ਕੀਤਾ ਹੈ, ਗੁਰੂ ਦੇ ਕੋਲ ਜਾ ਕੇ ਨਹੀਂ ਕੀਤਾ, ਉਹ ਸਭਾ ਦੇ ਵਿਚ ਇਸ ਤਰ੍ਹਾਂ ਸ਼ੋਭਾ ਨਹੀਂ ਪਾਉਂਦਾ, ਜਿਵੇਂ ਬਿਨਾਂ ਪਤੀ ਦੀ ਗਰਭਵਤੀ ਇਸਤਰੀ ਹੋ ਕੇ ਸ਼ੋਭਾ ਨਹੀਂ ਪਾਉਂਦੀ।

□ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਪੜ੍ਹਨ ਦੇ ਸਮੇਂ ਪੜ੍ਹਨ ਅਤੇ ਖੇਡਣ ਦੇ ਸਮੇਂ ਖੇਡਣ, ਆਪਣੇ ਸਾਥੀਆਂ ਨਾਲ ਲੜਾਈ

ਨਾ ਕਰਨ ਭਰਾ - ਭੈਣ ਵਰਗਾ ਪ੍ਰੇਮ ਭਰਿਆ ਵਰਤਾਉ ਕਰਨ ।

☐ ਲੜਕਿਓ ! ਵਿਦਵਾਨ ਪੁਰਖਾਂ ਦੀ ਸੰਗਤ ਵਿਚ ਹੀ ਆਪਣਾ ਸਮਾਂ ਬਿਤਾਓ । ਉਹਨਾਂ ਦੇ ਕੋਲ ਹੀ ਬੈਠੋ, ਉਹਨਾਂ ਦੀਆਂ ਗੱਲਾਂ ਸੁਣੋ ਅਤੇ ਉਸੇ ਪ੍ਰਕਾਰ ਦਾ ਆਚਰਣ ਕਰੋ । ਮੂਰਖ ਦੇ ਕੋਲ ਨਾ ਬੈਠੋ, ਕਦੇ ਉਸ ਦੀਆਂ ਮਿੱਠੀਆਂ-ਮਿਠੀਆਂ ਗੱਲਾਂ ਵਿਚ ਨਾ ਆਓ ।

☐ ਲੜਕਿਓ ਅਤੇ ਨੌਜਵਾਨੋ ! ਗੰਜੇੜੀ, ਭੰਗੇੜੀ, ਮਦਕਚੀ, ਅਫ਼ੀਮਚੀ, ਸ਼ਰਾਬੀ, ਤੰਬਾਕੂ ਪ੍ਰਯੋਗ ਕਰਨ ਵਾਲਿਆਂ ਅਤੇ ਚਾਹ ਪੀਣ ਵਾਲਿਆਂ ਆਦਮੀਆਂ ਨੂੰ ਕਦੇ ਚੰਗਾ ਨਾ ਸਮਝੋ ।

☐ ਜੇ ਮੰਗੀ ਹੋਈ ਪੁਸਤਕ ਗੁਆਚ ਜਾਵੇ ਜਾਂ ਖ਼ਰਾਬ ਹੋ ਜਾਵੇ ਤਾਂ ਉਸਦੇ ਮਾਲਿਕ ਨੂੰ ਉਸਦੇ ਬਦਲੇ ਵਿਚ ਨਵੀਂ ਪੁਸਤਕ ਮੰਗਵਾ ਕੇ ਦਿਓ । ਕਿਉਂਕਿ ਉਸਨੇ ਤੁਹਾਨੂੰ ਪੁਸਤਕ ਪੜ੍ਹਨ ਲਈ ਦਿੱਤੀ ਸੀ ਨਾ ਕਿ ਗੁਆਉਣ ਲਈ ਜਾਂ ਖ਼ਰਾਬ ਕਰਨ ਦੇ ਲਈ ।

☐ ਕਿਸੇ ਦੂਜੇ ਦੀ ਕਿਤਾਬ, ਜੇ ਪੜ੍ਹਨ ਲਈ ਮੰਗ ਕੇ ਲਿਆਏ ਹੋ ਤਾਂ ਉਸ ਉੱਤੇ ਆਪਣਾ ਨਾ ਜਾਂ ਹੋਰ ਕੁਝ ਨਾ ਲਿਖੋ । ਇੱਥੋਂ ਤਕ ਕਿ ਪੁਸਤਕ ਦੇ ਮਾਲਿਕ ਦਾ ਨਾਂ ਵੀ ਉਸਦੀ ਆਗਿਆ ਤੋਂ ਬਿਨਾਂ ਨਾ ਲਿਖੋ । ਯਾਦ ਰੱਖੋ ਕਿ ਸਫ਼ਿਆਂ ਦੇ ਕਿਨਾਰੇ ਨਾ ਤਾਂ ਮੁੜਨ ਅਤੇ ਨਾ ਹੀ ਕਿਤਾਬ ਮੈਲੀ ਹੋਵੇ ।

ਜੇ ਤੁਹਾਨੂੰ ਇਹਨਾਂ ਗੱਲਾਂ ਦੀ ਪਰਵਾਹ ਨਹੀਂ ਤਾਂ ਤੁਸੀਂ ਦੂਜੇ ਲੋਕਾਂ ਤੋਂ ਕਿਤਾਬਾਂ ਮੰਗੋ ਹੀ ਨਾ, ਨਹੀਂ ਤਾਂ ਉਹ ਨਾਂਹ ਕਰ ਦੇਣਗੇ ਜਾਂ ਤੁਹਾਨੂੰ ਕੁਝ ਖਰੀ-ਖੋਟੀ ਕਹਿ ਦੇਣਗੇ ਤਾਂ ਤੁਹਾਨੂੰ ਬੁਰਾ ਲੱਗੇਗਾ ।

- ☐ ਪੁਸਤਕ ਜੇ ਮੰਗ ਕੇ ਪੜ੍ਹਨ ਲਈ ਲਿਆਏ ਹੋ ਤਾਂ ਉਸਨੂੰ ਪੜ੍ਹ ਕੇ ਜਿੱਥੋਂ ਤਕ ਹੋ ਸਕੇ ਜਲਦੀ ਵਾਪਿਸ ਕਰ ਦਿਓ । ਦੇਣ ਵਾਲੇ ਦੇ ਮੰਗਣ ਦੀ ਰਾਹ ਨਾ ਵੇਖੋ । ਜੇ ਪੜ੍ਹਨ ਦਾ ਸਮਾਂ ਨਾ ਹੋਵੇ ਤਾਂ ਐਵੇਂ ਹੀ ਲਿਆ ਕੇ ਕਿਤਾਬਾਂ ਦਾ ਢੇਰ ਨਾ ਰੱਖੋ । ਜਦੋਂ ਸਮਾਂ ਮਿਲੇ ਪੜ੍ਹਨ ਦੇ ਲਈ ਫਿਰ ਮੰਗ ਕੇ ਲੈ ਆਓ, ਪਰ ਇਕ ਵਾਰ ਜ਼ਰੂਰ ਵਾਪਿਸ ਕਰ ਦਿਓ ।

- ☐ ਸਾਰੇ ਦਾਨਾਂ ਵਿਚੋਂ ਵਧੀਆ ਦਾਨ ਵਿਦਿਆ-ਦਾਨ ਹੈ, ਇਸ ਨਾਲ ਲੌਕਿਕ ਅਤੇ ਪਰਲੌਕਿਕ ਦੋਵੇਂ ਲਾਭ ਹਨ । ਵਿਦਿਆ ਨਾਲ ਲਾਭ ਹਾਨੀ ਦੀ ਪਹਿਚਾਨ ਹੁੰਦੀ ਅਤੇ ਆਤਮਾ ਦਾ ਸੁਧਾਰ ਹੁੰਦਾ ਹੈ । ਇਸ ਤੋਂ ਇਲਾਵਾ ਕਿਸੇ ਮਨੁੱਖ ਨੂੰ ਪੰਜ-ਸੱਤ ਦਿਨ ਭੋਜਨ ਦੇਣ ਤੋਂ ਬਾਦ ਵੀ ਉਸਨੂੰ ਭੁੱਖ ਲੱਗ ਆਉਂਦੀ ਹੈ । ਪਰ ਜੇ ਤੁਸੀਂ ਉਸਨੂੰ ਕੋਈ ਕੰਮ ਸਿਖਾ ਦਿੰਦੇ ਹੋ ਤਾਂ ਉਸਨੂੰ ਜੀਵਨ ਭਰ ਭੋਜਨ ਕਰਾਉਣ ਦਾ ਫਲ ਮਿਲੇਗਾ । ਪਰ ਧਿਆਨ ਰੱਖੋ ਕਿ ਉਹ ਹੁਨਰ ਜਾਂ ਧੰਧਾ ਅਜਿਹਾ ਹੋਵੇ ਜਿਸ ਨਾਲ ਉਸਦੇ ਜੀਵਨ ਦਾ ਗੁਜ਼ਾਰਾ ਚੰਗੀ ਤਰ੍ਹਾਂ ਹੋ ਸਕਦਾ ਹੋਵੇ ।

☐ ਜਿਹੜੇ ਮਾਂ ਬਾਪ ਆਪਣੇ ਬੱਚਿਆਂ ਨੂੰ, ਲਾਡ-ਪਿਆਰ ਦੇ ਕਾਰਨ ਮਨਮਾਨੀ ਕਰਨ ਦਿੰਦੇ ਹਨ, ਅਪਰਾਧ ਕਰਨ ਤੇ ਵੀ ਸਿੱਖਿਆ-ਸਜ਼ਾ ਨਹੀਂ ਦਿੰਦੇ ਅਤੇ ਭਵਿੱਖ ਵਿਚ ਹੋਣ ਵਾਲੇ ਹਾਨੀ-ਲਾਭ ਦਾ ਵਿਚਾਰ ਨਾ ਕਰਕੇ ਮੂੰਹੋਂ ਮੰਗੀ ਚੀਜ਼ ਲਿਆ ਦਿੰਦੇ ਹਨ, ਉਹਨਾਂ ਦਾ ਮਨ ਨਾ ਦੁਖੇ ਸਿਰਫ਼ ਇਹੀ ਧਿਆਨ ਰੱਖਦੇ ਹਨ, ਉਹ ਆਪਣੇ ਬੱਚਿਆਂ ਦੇ ਜੀਵਨ ਵਿਚ ਦੁਖ ਦਾ ਬੀਜ ਬੀਜਦੇ ਹਨ।

☐ ਛੋਟੇ-ਛੋਟੇ ਬੱਚਿਆਂ ਨੂੰ ਚੁੱਪ ਕਰਾਉਣ ਦੇ ਲਈ ਕਈ ਮਾਵਾਂ ਉਹ "ਮਾਊਂ ਆਇਆ"! "ਹਊਆ ਆਇਆ"!! ਆਦਿ ਕਹਿ ਕੇ ਡਰਾਉਂਦੀਆਂ ਹਨ, ਪਰ ਉਹਨਾਂ ਮਾਵਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਡਰਾਉਣ ਨਾਲ ਬੱਚਾ ਹਮੇਸ਼ਾ ਦੇ ਲਈ ਡਰਪੋਕ ਬਣ ਜਾਂਦਾ ਹੈ। ਕਦੇ ਕਦੇ ਇਸਦਾ ਨਤੀਜਾ ਬਹੁਤ ਹੀ ਭੈੜਾ ਹੁੰਦਾ ਹੈ।

☐ ਜਿਹੜੇ ਲੋਕ ਮਾਂ ਬਾਪ ਤੇ ਗੁਰੂ ਦੇ ਹਿੱਤਕਾਰੀ ਬਚਨਾਂ ਦੀ ਅਣਗਹਿਲੀ ਕਰਦੇ ਹਨ ਉਹਨਾਂ ਨੂੰ ਕਪੁੱਤਰ ਸਮਝਣਾ ਚਾਹੀਦਾ ਹੈ ਕਿਉਂਕਿ ਮਾਂ ਬਾਪ ਅਤੇ ਗੁਰੂ ਦੇ ਨਾਲ ਵਿਰੋਧ ਕਰਨਾ ਜਾਂ ਉਹਨਾਂ ਦੀ ਆਗਿਆ ਦੀ ਉਲੰਘਣਾ ਕਰਨਾ ਪਾਪ ਹੈ। ਅਜਿਹਾ ਕਰਨ ਵਾਲੇ ਲੋਕਾਂ ਵਿਚ ਨਿੰਦੇ ਜਾਂਦੇ ਹਨ ਅਤੇ ਪਰਲੋਕ ਵਿਚ ਬੁਰੀ ਗੱਤ ਨੂੰ ਪ੍ਰਾਪਤ ਹੁੰਦੇ ਹੈਨ। ਮਾਂ ਬਾਪ ਅਤੇ ਗੁਰੂ ਸੰਤਾਨ ਦਾ ਅਤੇ ਚੇਲੇ ਦਾ ਕਦੇ ਬੁਰਾ ਨਹੀਂ ਚਾਹੁੰਦੇ ਇਸ ਲਈ ਉਹਨਾਂ ਦੀ ਆਗਿਆ ਤੇ ਤਰਕ

ਕਰਨਾ ਸਪੁੱਤਰ ਜਾਂ ਚੰਗੇ ਚੇਲੇ ਦਾ ਕੰਮ ਨਹੀਂ।

- ☐ ਅਨਿਆਂ ਨਾਲ ਪੈਦਾ ਕੀਤਾ ਧਨ ਸੰਪੱਤੀ ਦੱਸ ਸਾਲਾਂ ਤਕ ਰਹਿੰਦਾ ਹੈ, ਗਿਆਰ੍ਹਵਾਂ ਸਾਲ ਲੱਗਦੇ ਹੀ ਮੂਲ ਪੂੰਜੀ ਸਹਿਤ ਨਸ਼ਟ ਹੋ ਜਾਂਦਾ ਹੈ।

- ☐ ਜਿਸ ਧਨ ਦੇ ਲਈ ਬਹੁਤ ਕਲੇਸ਼ ਭੋਗਣਾ ਪਵੇ, ਧਰਮ ਛੱਡਣਾ ਪਵੇ, ਦੁਸ਼ਮਣ ਨੂੰ ਹੱਥ ਜੋੜਣੇ ਪੈਣ ਅਜਿਹੇ ਧਨ ਦਾ ਤਿਆਗ ਕਰਨਾ ਹੀ ਚੰਗਾ ਹੈ।

- ☐ ਅਮੀਰਾਂ ਨੂੰ ਚਾਹੀਦਾ ਹੈ ਕਿ ਉਹ ਆਮਦਨੀ ਦਾ ਅੱਧਾ ਹਿੱਸਾ ਜਾਂ ਉਸ ਤੋਂ ਵੀ ਜ਼ਿਆਦਾ ਧਾਰਮਿਕ ਕੰਮਾਂ ਤੇ ਖ਼ਰਚ ਕਰਨ। ਬਾਕੀ ਦੇ ਧਨ ਨਾਲ ਦੂਜੇ ਸੰਸਾਰਿਕ ਕੰਮ ਕਰਨ।

- ☐ ਆਮਦਨ ਦੇ ਅਨੁਸਾਰ ਖ਼ਰਚ ਕਰਨ ਵਾਲਾ ਬਹੁਤ ਚੰਗਾ ਸਮਝਿਆ ਜਾਂਦਾ ਹੈ ਅਤੇ ਉਹ ਪੁੰਨ, ਸੁੱਖ, ਸੰਪੱਤੀ ਪ੍ਰਾਪਤ ਕਰਦਾ ਹੈ, ਜੋ ਫ਼ਜ਼ੂਲ ਹੀ ਧਨ ਹਵਾ ਵਿਚ ਉਡਾਉਂਦਾ ਹੈ, ਉਹ ਆਪਣੀ ਇੱਜ਼ਤ ਨੂੰ ਹਵਾ ਵਿਚ ਉਡਾਉਂਦਾ ਹੈ।

- ☐ ਬਿਨਾਂ ਸੋਚੇ ਵਿਚਾਰੇ ਖ਼ਰਚ ਕਰਨ ਵਾਲਾ, ਅਨਾਥ ਹੋ ਕੇ ਵੀ, ਲੜਾਈ ਨਾਲ ਪਿਆਰ ਰੱਖਣ ਵਾਲਾ, ਸਾਰੇ ਥਾਵਾਂ ਤੇ ਵਿਆਕੁਲਤਾ ਧਾਰਨ ਕਰਨ ਵਾਲਾ, ਜਲਦੀ ਹੀ ਪਤਨ ਦੇ ਟੋਏ ਵਿਚ ਪੈ ਜਾਂਦਾ ਹੈ।

□ ਅੱਗੇ ਹੋਣ ਵਾਲੀ ਕਮਾਈ ਦੀ ਆਸ਼ਾ ਨਾਲ ਵਰਤਮਾਨ ਿ ਵਚ ਜ਼ਿਆਦਾ ਖ਼ਰਚ ਕਰਨਾ ਮੂਰਖਤਾ ਹੈ। ਲੇਕਿਨ ਵਰਤਮਾਨ ਦੀ ਕਮਾਈ ਨੂੰ ਬਚਾ ਕੇ ਰਖਣਾ ਭੂਤ ਕਾਲ ਦੀ ਕਮਾਈ ਨਾਲ ਆਪਣਾ ਖ਼ਰਚ ਚਲਾਉਣਾ ਬੁੱਧੀਮੱਤਾ ਹੈ।

□ ਆਪਣੀ ਕਮਾਈ ਦਾ ਇਕ ਚੌਥਾਈ ਭਾਗ ਬਚਾ ਕੇ ਰਖੋ, ਇਕ ਚੌਥਾਈ ਵਪਾਰ ਵਿਚ ਲਗਾਓ, ਇਕ ਚੌਥਾਈ ਧਾਰਮਿਕ ਕੰਮਾਂ ਤੇ ਅਤੇ ਜ਼ਰੂਰੀ ਕੰਮਾਂ ਤੇ ਖ਼ਰਚ ਕਰੋ ਅਤੇ ਚੌਥਾਈ ਆਪਣੇ ਘਰ ਦੇ ਪਾਲਣ ਪੋਸ਼ਣ ਵਾਸਤੇ ਖ਼ਰਚ ਕਰੋ।

□ ਬਹੁਤ ਵਿਚਾਰ ਦੇ ਨਾਲ ਖ਼ਰਚ ਕਰੋ। ਕਿਸੇ ਦੀ ਦੇਖਾਦੇਖੀ, ਸਵਾਰਥੀ ਜਾਂ ਚਾਪਲੂਸਾਂ ਦੀ ਖ਼ੁਸ਼ਾਮਦ ਵਿਚ ਆ ਕੇ, ਧਨ ਐਵੇਂ ਲੁਟਾ ਦੇਣਾ ਮੂਰਖਤਾ ਹੈ। ਯੋਗ ਕੰਮਾਂ ਵਿਚ ਉਚਿਤ ਖ਼ਰਚ ਕਰਨਾ ਹੀ ਧਨ ਦੀ ਸਫ਼ਲਤਾ ਹੈ, ਇਸ ਲਈ ਫ਼ਜ਼ੂਲ ਖ਼ਰਚ ਨਾ ਕਰਕੇ ਸਮਾਜ ਅਤੇ ਦੇਸ਼ ਦੀ ਉੱਨਤੀ ਕਰਨ ਵਾਲੇ ਕੰਮਾਂ ਵਿਚ ਖ਼ਰਚ ਕਰੋ।

□ ਤੁਸੀਂ ਆਚਾਰ-ਵਿਹਾਰ ਦੇ, ਖ਼ੁਸ਼ੀ ਗ਼ਮੀ ਦੇ ਅਤੇ ਐਸ਼ ਆਰਾਮ ਦੇ ਕੰਮਾਂ ਤੇ ਹਜ਼ਾਰਾਂ ਰੁਪਈਆ ਪਾਣੀ ਦੀ ਤਰ੍ਹਾਂ ਬਹਾ ਦਿੰਦੇ ਹੋ, ਪਰ ਦੂਜੇ ਪਾਸੇ ਤੁਹਾਡੇ ਗਵਾਂਢੀ ਦੇ ਨਿੱਕੇ-ਨਿੱਕੇ ਬੱਚੇ ਭੁੱਖ ਦੇ ਮਾਰੇ ਵਿਲਕਦੇ ਹਨ। ਉਹਨਾਂ ਨੂੰ ਰੋਟੀ ਦਾ ਟੁਕੜਾ ਵੀ ਨਸੀਬ ਨਹੀਂ ਹੁੰਦਾ। ਕੀ ਤੁਹਾਡਾ ਫ਼ਰਜ਼ ਆਪਣੇ ਅਤੇ ਆਪਣੇ ਪਰਿਵਾਰ ਨੂੰ ਸੁਖੀ ਬਣਾਉਣ ਅਤੇ

ਵੱਡਿਆਈ ਲੁੱਟਣ ਵਿਚ ਹੀ ਖ਼ਤਮ ਹੋ ਜਾਂਦਾ ਹੈ ? ਫੇਰ ਵੀ ਤੁਸੀਂ ਜੀਵ ਦਯਾ ਤੇ ਪਰੋਪਕਾਰ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹੋ ।

☐ ਗਰੀਬ ਮਨੁੱਖ ਵਿਚ ਜੇ ਕੰਮ ਕਰਨ ਦੀ ਯੋਗਤਾ ਤੇ ਖਿਮਾ, ਇਹ ਦੋ ਗੁਣ ਹੋਣ ਤਾਂ ਵੀ ਉਹ ਆਪਣੇ ਜੀਵਨ ਨੂੰ ਸੁਖੀ ਬਣਾ ਸਕਦਾ ਹੈ । ਪਰ ਜੇ ਸੇਠਾਂ ਵਿਚ ਉਦਾਰਤਾ, ਦਾਨ-ਸ਼ੀਲਤਾ, ਸਦਾਚਾਰ, ਦੂਰਦਰਸ਼ਿਤਾ ਆਦਿ ਗੁਣ ਹੋਣ ਤਾਂ ਹੀ ਉਹ ਪਾਬੰਦੀ ਵਿਚ ਰਹਿ ਸਕਦੇ ਹਨ, ਨਹੀਂ ਤਾਂ ਉਹਨਾਂ ਦਾ ਪਤਨ ਹੋਏ ਬਿਨਾਂ ਨਹੀਂ ਰਹਿ ਸਕਦਾ ।

☐ ਬੁੱਧੀਮਾਨ ਨੂੰ ਚਾਹੀਦਾ ਹੈ ਕਿ ਸਦਾ ਅੰਨ, ਧਨ ਆਦਿ ਦਾ ਦਾਨ ਕਰੇ, ਧਨ ਇਕੱਠਾ ਹੀ ਨਾ ਕਰਦਾ ਰਹੇ । ਸ਼ਹਿਦ ਦੀਆਂ ਮੱਖੀਆਂ ਬਹੁਤ ਦਿਨਾਂ ਤਕ ਸਖ਼ਤ ਮਿਹਨਤ ਕਰਕੇ ਸ਼ਹਿਦ ਇਕੱਠਾ ਕਰਦੀਆਂ ਰਹਿੰਦੀਆਂ ਹਨ । ਪਰ ਉਹ ਨਾ ਤਾਂ ਆਪ ਖਾਂਦੀਆਂ ਹਨ, ਨਾ ਦੂਜਿਆਂ ਨੂੰ ਦਿੰਦੀਆਂ ਹਨ ! ਪਰ ਇਸਦਾ ਨਤੀਜਾ ਕੀ ਹੁੰਦਾ ਹੈ ? ਜਦੋਂ ਉਹਨਾਂ ਦਾ ਜਮ੍ਹਾ ਕੀਤਾ ਹੋਇਆ ਸ਼ਹਿਦ, ਲੋਕ ਲੈ ਜਾਂਦੇ ਹਨ ਤਾਂ ਉਹ ਹੱਥ ਮਲਦੀਆਂ, ਪਛਤਾਉਂਦੀਆਂ ਅਤੇ ਹਾਏ-ਹਾਏ ਕਰਦੀਆਂ ਹਨ ।

☐ ਗ਼ਰੀਬੋ ! ਤੁਸੀਂ ਗ਼ਰੀਬ ਰਹੋ ਅਤੇ ਖੁਲ੍ਹੇ-ਦਿਲ ਬਣ ਕੇ ਸੁੱਖ ਭੋਗਦੇ ਰਹੋ । ਦਿਲ-ਹੀਨ ਲੋਕਾਂ ਦੇ ਕੋਲ ਭਾਵੇਂ ਪੈਸਾ ਹੋਵੇ ਪਰ ਸੁੱਖ ਨਹੀਂ ਹੁੰਦਾ । ਉਹਨਾਂ ਨਾਲ ਈਰਖਾ ਨਾ

ਕਰੋ। ਉਹਨਾਂ ਦੀ ਹਾਲਤ ਦਯਾ ਕਰਨ ਯੋਗ ਹੈ। ਗ਼ਰੀਬਾਂ ਨੂੰ ਆਪਣਾ ਗੁਰੂ ਸਮਝੋ।

- ☐ ਮੂਰਖ ਵਿਦਵਾਨਾਂ ਤੋਂ, ਗ਼ਰੀਬ ਅਮੀਰਾਂ ਤੋਂ, ਦੁਰਾਚਾਰੀ ਸਦਾਚਾਰੀ ਤੋਂ ਈਰਖਾ ਕਰਦੇ ਹਨ।

- ☐ ਗੁੱਸੇ ਦੀ ਅੱਗ ਪੈਦਾ ਹੋ ਜਾਣ ਤੇ ਹੋਰ ਕਿਸੇ ਨੂੰ ਸਾੜੇ ਜਾਂ ਨਾ, ਪਰ ਜਿਸ ਥਾਂ ਤੋਂ ਪੈਦਾ ਹੁੰਦੀ ਹੈ, ਉਹ ਦਿਲ ਤਾਂ ਸੜਦਾ ਹੀ ਹੈ।

- ☐ ਗੁੱਸਾ ਇਕ ਭਾਰੀ ਮਾਨਸਿਕ ਬੀਮਾਰੀ ਹੈ, ਤੁਸੀਂ ਸੱਪ ਨੂੰ ਆਪਣੇ ਘਰ ਵਿਚ ਥਾਂ ਦੇ ਸਕਦੇ ਹੋ, ਪਰ ਗੁੱਸੇ ਨੂੰ ਨਹੀਂ।

- ☐ ਗੁੱਸੇ ਵਿਚ ਇਕ ਮਹਾਨ ਅੰਨ੍ਹੀ ਸ਼ਕਤੀ ਹੈ, ਜੋ ਸੰਸਾਰ ਵਿਚ ਪੈਦਾ ਹੋਈ ਹੈ ਨਸ਼ਟ ਕਰਨ ਅਤੇ ਸਰਬਨਾਸ਼ ਕਰਨ ਲਈ।

- ☐ ਜੋ ਮਨੁੱਖ ਮੌਕਾ ਵੇਖ ਕੇ ਅਧਿਕਾਰ ਦੇ ਮੁਤਾਬਿਕ ਵਚਨ ਬੋਲਦਾ ਹੈ ਅਤੇ ਐਵੇਂ ਗੁੱਸਾ ਨਹੀਂ ਕਰਦਾ ਉਹੀ ਵਾਸਤਵ ਵਿਚ ਪੰਡਿਤ ਅਤੇ ਬੁੱਧੀਮਾਨ ਹੈ।

- ☐ ਜਿਹੜਾ ਗੁੱਸੇ ਹੋ ਕੇ ਵੀ ਕੁਝ ਨਹੀਂ ਵਿਗਾੜ ਸਕਦਾ, ਕੁਝ ਸਜ਼ਾ ਨਹੀਂ ਦੇ ਸਕਦਾ, ਉਸਦੇ ਗੁੱਸੇ ਹੋਣ ਨਾਲ ਤੁਹਾਨੂੰ ਕੀ ਲਾਭ ਹੈ ? ਐਵੇਂ ਵੈਰ ਕਰਨਾ ਬੁੱਧੀਮੱਤਾ ਨਹੀਂ।

- ☐ ਸੰਤੋਖ ਰੂਪੀ ਅੰਮਿਤ ਪੀ ਕੇ ਸ਼ਾਂਤ ਹੋਣ ਵਾਲਿਆਂ ਨੂੰ ਜਿੰਨਾ

ਸੁੱਖ ਮਿਲਦਾ ਹੈ, ਉਨ੍ਹਾਂ ਇਧਰ ਉਧਰ ਭਟਕਣ ਵਾਲੇ ਲਾਲਚੀਆਂ ਨੂੰ ਨਹੀਂ ਮਿਲਦਾ।

- ਪਤਨੀ, ਭੋਜਨ ਅਤੇ ਧਨ ਵਿਚ ਸੰਤੋਸ਼ ਕਰਨਾ ਚਾਹੀਦਾ ਹੈ, ਪੜ੍ਹਨ, ਜਪ ਕਰਨ ਅਤੇ ਦਾਨ ਦੇਣ ਵਿਚ ਕਦੇ ਸੰਤੋਸ਼ ਨਹੀਂ ਕਰਨਾ ਚਾਹੀਦਾ।

- ਕ੍ਰੋਧ ਯਮਰਾਜ ਹੈ, ਤ੍ਰਿਸ਼ਣਾ ਵੈਤਰਣੀ ਨਦੀ ਹੈ, ਵਿਦਿਆ ਕਾਮਧੇਨੂ ਹੈ ਅਤੇ ਸੰਤੋਖ ਨੰਦਨ ਵਨ ਹੈ।

- ਮਨਚਾਹੇ ਸੁੱਖ ਕਿਸੇ ਨੂੰ ਕਦੇ ਨਹੀਂ ਮਿਲ ਸਕਦੇ, ਕਿਉਂਕਿ ਸੁੱਖਾਂ ਦੀ ਪ੍ਰਾਪਤੀ ਸ਼ੁਭ ਕਰਮਾਂ ਦੇ ਅਧੀਨ ਹੈ। ਇਸ ਤਰ੍ਹਾਂ ਵਿਚਾਰ ਕਰਕੇ ਵਿਦਵਾਨਾਂ ਨੂੰ ਸੰਤੋਖ ਕਰਨਾ ਚਾਹੀਦਾ ਹੈ।

- ਜੀਵਨ, ਧਨ, ਇਸਤਰੀ ਅਤੇ ਭੋਜਨ-ਪਾਨੀ ਨਾਲ ਜੀਵ ਨੂੰ ਕਦੇ ਸੰਤੋਖ ਨਹੀਂ ਹੋਇਆ ਹੋਵੇਗਾ। ਅਰਥਾਤ ਇਹਨਾਂ ਵਾਸਨਾਵਾਂ ਦੇ ਪਿਆਸੇ ਰਹਿ ਕੇ ਹੀ ਜੀਵ - ਸੰਸਾਰ ਵਿਚੋਂ ਚਲੇ ਜਾਂਦੇ ਹਨ ਅਤੇ ਜਾਂਦੇ ਰਹਿਣਗੇ।

- ਸੰਤੋਖੀ ਅਤੇ ਸ਼ਾਂਤ ਮਨੁੱਖ ਦਾ ਸ਼ਰੀਰ ਤਕੜਾ ਹੁੰਦਾ ਹੈ ਅਤੇ ਅਸੰਤੋਖੀ ਤੇ ਕ੍ਰੋਧੀ ਮਨੁੱਖ ਦਾ ਸ਼ਰੀਰ ਸੁੱਕੀ ਲੱਕੜ ਦੇ ਸਮਾਨ। ਕਿਉਂਕਿ ਚਿੰਤਾਤੁਰ ਅਤੇ ਅਸੰਤੋਖੀ ਦਾ ਮਨ ਸਦਾ ਜਲਦਾ ਰਹਿੰਦਾ ਹੈ, ਇਸ ਲਈ ਉਸਦੇ ਸ਼ਰੀਰ ਵਿਚ ਖ਼ੂਨ ਨਹੀਂ ਵਧਦਾ।